**<u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ, ਐਸ.ਏ.ਐਸ.ਨਗਰ</u>**

**<u>ਸੇਵਾਵਾਂ-1 ਸ਼ਾਖਾ</u>**

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ)
3. ਡਾਇਰੈਕਟਰ ਸਿੱਖਿਆ ਵਿਭਾਗ(ਕਾਲਜਾਂ)
4. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ)
5. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

ਮੀਮੋ ਨੰ: 14/149-15 ਸੇ1 (6)
ਮਿਤੀ, ਐਸ.ਏ.ਐਸ.ਨਗਰ: 3/12/15

ਵਿਸ਼ਾ:- ਗਰੁੱਪ ਏ ਅਤੇ ਬੀ ਕਾਡਰ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਸਾਲ 2014-15 ਦੌਰਾਨ ਪੇਸ਼ ਕੀਤੀ ਗਈ ਚੱਲ ਅਤੇ ਅਚੱਲ ਪ੍ਰਾਪਰਟੀ ਰਿਟਰਨ ਦੀ ਸੂਚਨਾਂ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 4/5/2014-2ਪੀਪੀ2/527191/1 ਮਿਤੀ 03.07.2015 ਦੇ ਹਵਾਲੇ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਆਪ ਦੇ ਦਫਤਰ ਅਧੀਨ ਕੰਮ ਕਰਦੇ ਗਰੁੱਪ ਏ ਅਤੇ ਬੀ ਦਫਤਰ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਾਲ 2014-15 ਦੀਆਂ ਚੱਲ ਅਤੇ ਅਚੱਲ ਪ੍ਰਾਪਰਟੀ ਰਿਟਰਨਾਂ ਮਿਤੀ 10.12.2015 ਤੱਕ ਹਰ ਹਾਲਤ ਵਿੱਚ ਮੇਨ ਸਿਵਲ ਸਕੱਤਰੇਤ, ਚੌਥੀ ਮੰਜਿਲ, ਕਮਰਾ ਨੰ: 32 ਚੰਡੀਗੜ੍ਹ ਵਿਖੇ ਵੈੱਬਸਾਈਟ ਤੇ ਅਪਲੋਡ ਕਰਵਾਈਆ ਜਾਣ। ਇਸ ਉਪਰੰਤ ਨੱਥੀ ਪ੍ਰਫਾਰਮੇ ਵਿੱਚ ਸੂਚਨਾ ਤਿਆਰ ਕਰਕੇ ਮਿਤੀ 10.12.2015 ਤੱਕ ਇਸ ਦਫਤਰ ਵਿਖੇ ਸਰਟੀਫਿਕੇਟ ਸਮੇਤ ਦਸਤੀ ਪੁੱਜਦੀ ਕੀਤੀ ਜਾਵੇ। ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ) ਵੱਲੋਂ ਉਨ੍ਹਾਂ ਦੇ ਜਿਲ੍ਹੇ ਨਾਲ ਸਬੰਧਤ ਗਰੁੱਪ 'ਏ' ਅਤੇ 'ਬੀ' ਕਰਮਚਾਰੀਆਂ/ਅਧਿਕਾਰੀਆਂ ਜੋ ਐਲੀਮੈਂਟਰੀ ਵਿੰਗ ਵਿੱਚ ਕੰਮ ਕਰ ਰਹੇ ਹਨ ਜਾਂ ਡਾਇਟਸ ਅਤੇ ਇੰਨ ਸਰਵਿਸ ਟੈਰਨਿੰਗ ਸੈਂਟਰ ਵਿੱਚ ਕੰਮ ਕਰ ਰਹੇ ਹਨ, ਦੀ ਸੂਚਨਾ ਵੀ ਅਪਲੋਡ ਕਰਵਾਈ ਜਾਵੇ ਅਤੇ ਇਨ੍ਹਾਂ ਦੀ ਸੂਚਨਾਂ ਵੀ ਪ੍ਰਫਾਰਮੇ ਵਿੱਚ ਦਿੱਤੀ ਜਾਵੇ। ਜੇਕਰ ਇਸ ਮਿਤੀ ਤੱਕ ਸੂਚਨਾ ਅਪਲੋਡ ਕਰਵਾਕੇ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੁੰਦੀ ਤਾਂ ਇਸ ਸਬੰਧੀ ਸਰਕਾਰ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ। ਸੂਚਨਾ ਨਾ ਭੇਜਣ ਜਾਂ ਅਧੂਰੀ ਭੇਜਣ ਲਈ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਅਨੁਸ਼ਾਸਨੀ ਕਾਰਵਾਈ ਲਈ ਸਬੰਧਤ ਅਧਿਕਾਰੀ ਖੁਦ ਜਿੰਮੇਵਾਰ ਹੋਵੇਗਾ।

ਡਾਇਰੈਕਟਰ ਪ੍ਰਸ਼ਾਸਨ

ਪਿੱਠ ਅੰਕਣ ਨੰ:ਉਕਤ ਮਿਤੀ, ਐਸ.ਏ.ਐਸ.ਨਗਰ:

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਯੂ.ਟੀ.) ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੰਜਾਬ ਦੇ ਗਰੁੱਪ 'ਏ' ਅਤੇ 'ਬੀ' ਕਾਡਰ ਦੇ ਡੈਪਟੇਸ਼ਨ ਤੇ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਾਲ 2014-15 ਦੀਆਂ ਪ੍ਰਾਪਰਟੀ ਰਿਟਰਨਾ ਦੇ ਫਾਰਮ ਸਿਵਲ ਸਕੱਤਰੇਤ, ਚੌਥੀ ਮੰਜਿਲ, ਕਮਰਾ ਨੰ: 32 ਚੰਡੀਗੜ੍ਹ ਵਿਖੇ ਅਪਲੋਡ ਕਰਵਾ ਕੇ ਮਿਤੀ 10.12.2015 ਤੱਕ ਸੂਚਨਾ (ਪ੍ਰਫਾਰਮੇ) ਵਿੱਚ ਭਰਕੇ ਦਸਤੀ ਇਸ ਦਫਤਰ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਪ੍ਰਸ਼ਾਸਨ

**Sub:- Information regarding Property returns of Group A & B Employees**

| Name of District (SE/EE/CEO's,DIET's, GISTC | Total Empolyees | | | Record Filled/Entered | | | Pending Data | | | Remarks |
|---|---|---|---|---|---|---|---|---|---|---|
| | Group A | Group B | Total | Group A | Group B | Total | Group A | Group B | Total | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |

## ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਸਮੁੱਚੇ ਜਿਲ੍ਹਾ ਸਿੱਖਿਆ ਵਿਭਾਗ ................ ਦੇ ਸਮੂਹ ਦਫਤਰਾਂ ਅਤੇ ਸਕੂਲਾਂ ਦੇ ਗਰੁੱਪ ਏ ਦੇ ........... ਅਤੇ ਗਰੁੱਪ ਬੀ ਦੇ .......... (ਕੁੱਲ ............) ਅਧਿਕਾਰੀਆਂ/ਕਰਮਚਾਰੀਆਂ ਦੀ ਪ੍ਰਾਪਰਟੀ ਰਿਟਰਨ ਦੀ ਸੂਚਨਾ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਵਾ ਦਿੱਤੀ ਗਈ ਹੈ ਅਤੇ ਹੋਰ ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਸੂਚਨਾ ਲੰਬਿਤ ਨਹੀਂ ਹੈ ।

ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ)